# ਭਾਰਤ ਨੇ ਅਮਰੀਕਾ ਕੋਲ ਸਖ਼ਤ ਵਿਰੋਧ ਜਤਾਇਆ ਹੈ

ਮਾਰਚ 20, 2023

ਨਵੀਂ ਦਿੱਲੀ ਵਿੱਚ ਯੂਐਸ ਚਾਰਜ ਡੀ ਅਫੇਅਰਜ਼ ਨਾਲ ਇੱਕ ਮੀਟਿੰਗ ਵਿੱਚ, ਭਾਰਤ ਨੇ ਸੈਨ ਫਰਾਂਸਿਸਕੋ ਦੇ ਕੌਂਸਲੇਟ ਜਨਰਲ ਆਫ ਇੰਡੀਆ ਦੀ ਜਾਇਦਾਦ ਦੀ ਭੰਨਤੋੜ 'ਤੇ ਆਪਣਾ ਸਖ਼ਤ ਵਿਰੋਧ ਜ਼ਾਹਰ ਕੀਤਾ।

ਅਮਰੀਕੀ ਸਰਕਾਰ ਨੂੰ ਡਿਪਲੋਮੈਟਿਕ ਨੁਮਾਇੰਦਗੀ ਦੀ ਰੱਖਿਆ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣ ਲਈ ਬਣਦੀ ਬੁਨਿਆਦੀ ਜ਼ਿੰਮੇਵਾਰੀ ਯਾਦ ਕਰਾਈ ਗਈ ਸੀ, ਜਿਸ ਵਿੱਚ ਅਜਿਹੀਆਂ ਘਟਨਾਵਾਂ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਯੋਗ ਉਪਰਾਲੇ ਕਰਨ ਲਈ ਕਿਹਾ ਗਿਆ।

ਵਾਸ਼ਿੰਗਟਨ ਡੀ.ਸੀ. ਵਿੱਚ ਵੀ ਸਾਡੇ ਦੂਤਾਵਾਸ ਨੇ ਇਸੇ ਤਰਜ਼ 'ਤੇ ਅਮਰੀਕੀ ਵਿਦੇਸ਼ ਵਿਭਾਗ ਨੂੰ ਸਾਡੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ।

**ਨਵੀਂ ਦਿੱਲੀ**

**ਮਾਰਚ 20, 2023**